ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ
ਪਲਾਟ ਨੰ: 1 ਬੀ, ਸੈਕਟਰ 27 ਏ, ਚੰਡੀਗੜ੍ਹ ।

ਵਿਖੇ

ਮੁੱਖ ਇੰਜੀਨੀਅਰ(ਦੱਖਣ),
ਪੰਜਾਬ ਵ/ਸ ਅਤੇ ਸੀਵਰੇਜ ਬੋਰਡ,
ਬਠਿੰਡਾ।

ਨੰ: ਪਵਸਸਬ-2017/ਵ-2/25899 ਮਿਤੀ : 08.11.2017

ਵਿਸਾ:- ਵਾਰਡ ਨੰਬਰ 6, ਕੁਲਾਣਾ ਰੋਡ, ਨਜਦੀਕ ਬਾਬਾ ਜੀਵਨ ਸਿੰਘ ਗੁਰਦੁਆਰਾ ਬੁਢਲਾਡਾ ਵਿਖੇ ਸੀਵਰੇਜ਼ ਪਾਉਣ ਲਈ ਪੁੱਟੇ ਟੋਇਆ ਕਾਰਨ ਘਰਾਂ ਦੀਆਂ ਨਿਊਆਂ ਵਿੱਚ ਪਾਣੀ ਪੈਣ ਕਾਰਨ ਘਰਾਂ ਦੇ ਨੁਕਸਾਨ ਹੋਣ ਸਬੰਧੀ ਅਤੇ ਤਰੇੜਾ ਪੈਣ ਬਾਰੇ ਅਤੇ ਬਣਦਾ ਮੁਆਵਜਾ ਦੇਣ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਸ੍ਰੀ ਗੁਰਦਾਸ ਸਿੰਘ ਅਤੇ ਸਮੂਹ ਮੁੱਹਲਾਂ ਨਿਵਾਸੀ ਵਾਰਡ ਨੰਬਰ 6, ਕੁਲਾਣਾ ਰੋਡ, ਨਜਦੀਕ ਬਾਬਾ ਜੀਵਨ ਸਿੰਘ ਗੁਰਦੁਆਰਾ ਬੁਢਲਾਡਾ ਵਲੋ ਪ੍ਰਾਪਤ ਸ਼ਿਕਾਇਤ ਜਿਸ ਵਿੱਚ ਉਨ੍ਹਾਂ ਵਲੋ ਲਿਖਿਆ ਹੈ ਕਿ ਸੀਵਰੇਜ਼ ਬੋਰਡ ਵਲੋ ਸੀਵਰੇਜ਼ ਪਾਉਣ ਲਈ ਖੁਦਾਈ ਕੀਤੀ ਗਈ ਜਿਸ ਕਾਰਨ ਤਕਰੀਬਨ 16 ਫੁੱਟ ਡੂੰਘੇ ਟੋਏ ਪੁੱਟੇ ਗਏ ਅਤੇ ਇਨ੍ਹਾਂ ਟੋਇਆ ਵਿੱਚ ਬਾਰਸ਼ ਦਾ ਪਾਣੀ ਖੜਾ ਹੋਣ ਕਾਰਨ ਉਨ੍ਹਾਂ ਦੇ ਘਰਾਂ ਦੀਆਂ ਨੀਹਾਂ ਵਿੱਚ ਪਾਣੀ ਦਾਖਲ ਹੋ ਗਿਆ ਜਿਸ ਕਾਰਨ ਉਨ੍ਹਾਂ ਦੇ ਘਰਾਂ ਦੀਆਂ ਕੰਧਾਂ ਦਾ ਨੁਕਸਾਨ ਹੋ ਗਿਆ, ਦੀ ਨਕਲ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਕਤ ਵਿਸ਼ੇ ਸਬੰਧੀ ਮਾਮਲੇ ਤੇ ਕੀਤੀ ਕਾਰਵਾਈ ਬਾਰੇ ਪ੍ਰਾਰਥੀ ਨੂੰ ਸੂਚਿਤ ਕਰਦੇ ਹੋਏ ਰਿਪੋਰਟ ਤੁਰੰਤ ਇਸ ਦਫਤਰ ਨੂੰ ਭੇਜੀ ਜਾਵੇ। ਇਥੇ ਇਹ ਵੀ ਦਰਜ ਕੀਤਾ ਜਾਂਦਾ ਹੈ ਕਿ ਪ੍ਰਾਪਤ ਪੱਤਰ ਤੇ ਮਾਨਯੋਗ ਐਮ.ਐਲ.ਏ. ਬੁਢਲਾਡਾ ਜੀ ਵਲੋ ਵੀ ਨੁਕਸਾਨ ਸੀਵਰੇਜ਼ ਕਾਰਨ ਹੋਇਆ ਹੈ, ਦਰਜ ਕੀਤਾ ਹੈ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਨੱਥੀ/- ਉਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ (ਵ)

ਪਿੱਠ ਅੰਕਣ ਨੰ: ਪਵਸਸਬ-2017/ਵ-2/25900-901 ਮਿਤੀ- 08.11.2017

ਉਪਰੋਕਤ ਦੀ ਨਕਲ ਸਮੇਤ ਸਹਿਲਗ :-

1. ਨਿਗਰਾਨ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਹਲਕਾ, ਬਠਿੰਡਾ
2. ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ, ਮਾਨਸਾ

ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਵਿਸ਼ੇ ਸਬੰਧੀ ਰਿਪੋਰਟ ਮਾਰਫਤ ਮੁੱਖ ਇੰਜੀਨੀਅਰ(ਦੱਖਣ) ਪਵਸਸਬ, ਬਠਿੰਡਾ ਦੇ ਇਸ ਦਫਤਰ ਨੂੰ ਤੁਰੰਤ ਭੇਜੀ ਜਾਵੇ।

ਨੱਥੀ/- ਉਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ (ਵ)